# ਪੰਜਾਬ ਲਗਾਤਾਰ ਦੂਜੀ ਵਾਰ ਇੰਸਪਾਇਰ ਅਵਾਰਡ ਪ੍ਰਦਰਸ਼ਨੀ ਵਿੱਚ ਨੈਸ਼ਨਲ ਜੇਤੂ

## ਨੈਸ਼ਨਲ ਦੇ ਨਾਲ-ਨਾਲ ਸਟੇਟ ਅਵਾਰਡ ਵੀ ਜਿੱਤਿਆ



ਖੱਬੇ ਪਾਸੇ ਤੋਂ ਸੱਜੇ ਪਾਸੇ: ਮਾਨਯੋਗ ਕੇਂਦਰੀ ਮੰਤਰੀ, ਸਾਇੰਸ ਅਤੇ ਟੈਕਨੋਲੋਜੀ ਸ੍ਰੀ ਵਾਇਲਾਰ ਰਵੀ ਵੱਲੋਂ ਸੈਂਟ ਫ੍ਰਾਂਸਿਸ ਸਕੂਲ, ਅੰਮ੍ਰਿਤਸਰ ਦੇ ਵਿਦਿਆਰਥੀ ਸਾਹਿਲ ਦਿਵੇਦੀ ਨੂੰ ਬਰੋਂਜ ਮੈਡਲ, ਅਗਲੇ ਫੋਟੋ ਵਿੱਚ ਲੇਪਟਾਪ ਦੇ ਨਾਲ 5000/- ਰੁਪਏ ਦਾ ਚੈਕ ਪੁਰਸਕਾਰ ਕਰਦੇ ਹੋਏ ਅਤੇ ਸਰਕਾਰੀ ਮਿਡਲ ਸਕੂਲ, ਮੰਡਿਆਲਾ ਦੇ ਵਿਦਿਆਰਥੀ ਜਗਦੀਪ ਸਿੰਘ ਨੂੰ 10000/- ਰੁਪਏ ਦਾ ਚੈਕ ਪਰਸਕਾਰ ਵਜੋ ਦਿੰਦੇ ਹੋਏ।

ਇਕ ਵਾਰ ਫਿਰ ਪੰਜਾਬ ਦੇ ਵਿਦਿਆਰਥੀਆਂ ਨੇ ਦੂਸਰੀ ਨੈਸ਼ਨਲ ਇੰਸਪਾਇਰ ਅਵਾਰਡ ਪ੍ਰਦਰਸ਼ਨੀ ਦੇ ਨੈਸ਼ਨਲ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਅਤੇ ਪਹਿਲਾ ਸਟੇਟ ਅਵਾਰਡ ਜਿੱਤ ਕੇ ਪੰਜਾਬ ਰਾਜ ਦਾ ਮਾਣ ਵਧਾਇਆ।ਇਹ ਪ੍ਰਦਰਸ਼ਨੀ ਸਾਇੰਸ ਅਤੇ ਟੈਕਨੋਲੋਜੀ ਵਿਭਾਗ, ਨਵੀ ਦਿੱਲੀ ਵੱਲੋਂ ਪ੍ਰਗਤੀ ਮੈਦਾਨ, ਨਵੀ ਦਿੱਲੀ ਵਿਖੇ ਮਿਤੀ 21-10-2012 ਤੋਂ 23-10-2012 ਤੱਕ ਲਗਾਈ ਗਈ ਸੀ।ਇਸ ਪ੍ਰਦਰਸ਼ਨੀ ਵਿੱਚ ਦੇਸ਼ ਭਰ ਦੇ ਸਾਰੇ 28 ਰਾਜਾਂ ਅਤੇ 7 ਕੇਂਦਰੀ ਪ੍ਰਸਾਸ਼ਿਤ ਰਾਜਾਂ ਦੇ ਲਗਭਗ 1140 ਸਟੇਟ ਜੇਤੂ ਵਿਦਿਆਰਥੀਆਂ ਨੇ ਆਪਣੇ ਮਾਡਲਾਂ ਦੇ ਜੋਹਰ ਦਿਖਾਏ।ਜਿਸ ਵਿੱਚ ਪੰਜਾਬ ਰਾਜ ਦੇ 19 ਵਿਦਿਆਰਥੀਆਂ ਨੇ ਆਪਣੇ ਮਾਡਲ ਪ੍ਰਦਰਸ਼ਿਤ ਕੀਤੇ ਜਿਸ ਵਿੱਚ 13 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਅਤੇ 6 ਅਰਧ ਸਰਕਾਰੀ/ਪ੍ਰਾਇਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਆਪਣੇ ਮਾਡਲ ਪ੍ਰਦਰਸ਼ਿਤ ਕੀਤੇ।ਜਿਸ ਵਿੱਚ ਸਰਕਾਰੀ ਮਿਡਲ ਸਕੂਲ, ਮੰਡਿਆਲਾ, ਅੰਮ੍ਰਿਤਸਰ ਦੇ ਵਿਦਿਆਰਥੀ ਜਗਦੀਪ ਸਿੰਘ ਨੇ ਸਟੇਟ ਅਵਾਰਡ ਨਾਲ 10000/- ਰੁਪਏ ਦਾ ਚੈਕ ਇਨਾਮ ਵਜੋ ਜਿੱਤਿਆ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਸੈਂਟ ਫ੍ਰਾਂਸਿਸ ਸਕੂਲ, ਅੰਮ੍ਰਿਤਸਰ ਦੇ ਜਮਾਤ ਨੌਂਵੀ ਦੇ ਵਿਦਿਆਰਥੀ ਸਾਹਿਲ ਦਿਵੇਦੀ ਨੇ ਬਰੋਂਜ ਮੈਡਲ ਜਿੱਤਿਆ, ਜਿਸ ਵਿੱਚ ਲੇਪਟਾਪ ਅਤੇ 5000/- ਰੁਪਏ ਦਾ ਚੈਕ ਇਨਾਮ ਵਜੋ ਪ੍ਰਾਪਤ ਕੀਤਾ ਅਤੇ ਇਹ ਇਨਾਮ ਕੇਂਦਰੀ ਮੰਤਰੀ ਸਾਇੰਸ ਅਤੇ ਟੈਕਨੋਲੋਜੀ, ਸ੍ਰੀ ਵਾਇਲਾਰ ਰਵੀ ਵੱਲੋਂ ਮਿਤੀ 23-10-2012 ਨੂੰ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੇ ਗਏ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਸ੍ਰੀ ਕੇ.ਐੱਸ. ਪੰਨੂੰ, ਪੰਜਾਬ ਵੱਲੋਂ ਦੱਸਿਆ ਗਿਆ ਕਿ ਵਿਦਿਆਰਥੀਆਂ ਵਿੱਚ ਸਾਇੰਸ ਅਤੇ ਗਣਿਤ ਪ੍ਰਤੀ ਛੁਪੀ ਪ੍ਰਤਿਭਾ ਦੀ ਪਛਾਣ ਦਾ ਉਪਰਾਲਾ ਪੰਜਾਬ ਰਾਜ ਦੇ ਮਿਹਨਤੀ ਅਤੇ ਸਿਰਜਨਾਤਮਕ ਸਾਇੰਸ ਅਤੇ ਗਣਿਤ ਅਧਿਆਪਕਾਂ ਦੀ ਮਿਹਨਤ ਦਾ ਨਤੀਜਾ ਹੈ।ਇਸ ਪ੍ਰਦਰਸ਼ਨੀ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨੋਲੋਜੀ ਦੇ ਮੰਤਰਾਲੇ ਵੱਲੋਂ ਹਰ ਵਿਦਿਆਰਥੀ ਨੂੰ 2500/- ਰੁਪਏ ਦਾ ਚੈਕ ਅਤੇ ਸਰਟੀਫਿਕੇਟ ਵੀ ਦਿੱਤੇ ਗਏ।ਸ੍ਰੀ ਮਤੀ ਨਿਰਮਲ,ਏ.ਐਸ.ਪੀ.ਡੀ.(ਮੈਥ) ਵੱਲੋ ਦੱਸਿਆ ਗਿਆ ਕਿ ਨੈਸ਼ਨਲ ਪ੍ਰਦਰਸ਼ਨੀ ਵਿੱਚ ਭਾਗ ਲੈਣ ਵਾਲੇ 19 ਵਿਦਿਆਰਥੀ ਇੰਸਪਾਇਰ ਸਕੀਮ ਅਧੀਨ ਜਿਲ੍ਹਾ ਪੱਧਰ ਤੇ ਲਗਾਈਆਂ ਗਈਆਂ ਪ੍ਰਦਰਸ਼ਨੀਆਂ ਨੂੰ ਜਿੱਤਦੇ ਹੋਏ ਰਾਜ ਪੱਧਰ ਤੇ ਲਗਾਈ ਗਈ ਪ੍ਰਦਰਸ਼ਨੀ ਵਿੱਚ ਭਾਰਤ ਸਕਰਾਰ ਵੱਲੋਂ ਭੇਜੀ ਗਈ ਕਮੇਟੀ ਵੱਲੋਂ ਚੁਣੇ ਗਏ ਸਨ।

ਇਸ ਪ੍ਰਦਰਸ਼ਨੀ ਦਾ ਮੁੱਖ ਮੰਤਵ ਵਿਦਿਆਰਥੀਆਂ ਵਿੱਚ ਸਾਇੰਸ ਦੀ ਪੜ੍ਹਾਈ ਵੱਲ ਰੁੱਚੀ ਵਧਾਉਣ ਅਤੇ ਰੁਝਾਣ ਪੈਦਾ ਕਰਨਾ ਹੈ ਤਾਂ ਜੋ ਵਿਦਿਆਰਥੀ ਸਾਇੰਸ ਦੀ ਪੜ੍ਹਾਈ ਵੱਲ ਰੁਚਿਤ ਹੋ ਕੇ ਸਾਇੰਸ ਪ੍ਰਤੀ ਖੋਜਾਂ ਵੱਲ ਪ੍ਰੇਰਿਤ ਹੋਣ।